17

# ਕਿਸ ਅਖ਼ਤਿਆਰ ਨਾਲ ?

ਇਕ ਦਿਨ ਜਦ ਯਿਸੂ ਹੈਕਲ ਵਿਚ ਸਿਖਾ ਰਿਹਾ ਸੀ, ਤਾਂ ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਨੇ ਆ ਕੇ ਉਹਨੂੰ ਪੁੱਛਿਆ, ''ਤੂੰ ਇਹ ਕੰਮ ਕਿਸ ਅਖ਼ਤਿਆਰ ਨਾਲ ਕਰਦਾ ਹੈਂ? ਅਤੇ ਇਹ ਅਖ਼ਤਿਆਰ ਤੈਨੂੰ ਕਿਸ ਨੇ ਦਿੱਤਾ ਹੈ?'' (ਮੱਤੀ 21:23)। ਯਿਸੂ ਨੇ ਉਨ੍ਹਾਂ ਦੇ ਸਵਾਲ ਦਾ ਜਵਾਬ ਦੇਣੋਂ ਮਨ੍ਹਾ ਕਰ ਦਿੱਤਾ ਕਿਉਂਕਿ ਉਹਨੂੰ ਪਤਾ ਸੀ ਕਿ ਉਹ ਬਦਨੀਅਤ ਨਾਲ ਇਹ ਸਵਾਲ ਪੁੱਛ ਰਹੇ ਹਨ। ਇਹ ਸਵਾਲ ਤਾਂ ਸਹੀ ਸੀ ਅਤੇ ਯਿਸੂ ਨੇ ਹੋਰ ਮੌਕਿਆਂ 'ਤੇ ਇਹਦਾ ਜਵਾਬ ਵੀ ਦਿੱਤਾ ਸੀ। ਉਹਦਾ ਐਲਾਨ ਸੀ ਕਿ ਉਹਦੀ ਸਿੱਖਿਆ ਪਿਤਾ ਵੱਲੋਂ ਹੈ।

ਅੱਜ ਹਰ ਧਾਰਮਿਕ ਰਵਾਇਤ ਬਾਰੇ ਅਜਿਹੇ ਹੀ ਸਵਾਲ ਪੁੱਛਣ ਦਾ ਖਿਆਲ ਵਧੀਆ ਹੈ। ਸਾਡੇ ਪਿਤਾ ਨੂੰ ਇੱਕੋ ਜਵਾਬ ਚੰਗਾ ਲਗ ਸਕਦਾ ਹੈ ਕਿ ਇਹ ਰਵਾਇਤ ''ਮਸੀਹ ਦੇ ਅਖ਼ਤਿਆਰ ਨਾਲ'' ਹੈ। ਯਿਸੂ ਨੂੰ ''ਸਾਰਾ ਅਖ਼ਤਿਆਰ'' ਦਿੱਤਾ ਗਿਆ ਹੈ (ਮੱਤੀ 28:18)। ਉਹ ਕਲੀਸੀਆ ਦਾ ਸਿਰ ਹੈ (ਅਫ਼ਸੀਆਂ 1:22, 23)। ਅੱਜ ਖ਼ੁਦਾ ਸਾਡੇ ਨਾਲ ਪੁੱਤਰ ਦੇ ਰਾਹੀਂ ਗੱਲ ਕਰਦਾ ਹੈ (ਇਬਰਾਨੀਆਂ 1:2)। ਯਿਸੂ ਦਾ ਰੂਪ ਬਦਲਣ ਵੇਲੇ ਇਸੇ 'ਤੇ ਜ਼ੋਰ ਦਿੱਤਾ ਗਿਆ ਸੀ ਜਦ ਖ਼ੁਦਾ ਨੇ ਕਿਹਾ ਸੀ ਕਿ ''ਇਸ ਦੀ ਸੁਣੋ!'' (ਮੱਤੀ 17:5; ਮਰਕੁਸ 9:7; ਲੂਕਾ 9:35)।

ਮਸੀਹ ਦੀਆਂ ਕਲੀਸੀਆਵਾਂ ਵਿਚ ਪਾਈਆਂ ਜਾਣ ਵਾਲੀਆਂ ਰਵਾਇਤਾਂ ਬਾਰੇ ਇਹ ਸਵਾਲ ਪੁੱਛਿਆ ਜਾਣ 'ਤੇ ਮੈਨੂੰ ਖ਼ੁਸ਼ੀ ਹੁੰਦੀ ਹੈ। ਇਸੇ ਤਰ੍ਹਾਂ, ਮੇਰਾ ਮੰਨਣਾ ਹੈ ਕਿ ਮੈਨੂੰ ਇਹ ਸਵਾਲ ਦੂਜਿਆਂ ਤੋਂ ਪੁੱਛਣ ਦਾ ਹੱਕ ਹੈ ਕਿ ''ਤੁਸੀਂ ਇਹ ਕੰਮ ਕਿਸ ਅਖ਼ਤਿਆਰ ਨਾਲ ਕਰ ਰਹੇ ਹੋ?''

## ''ਮਸੀਹੀ'' ਨਾਮ ਦੀ ਵਰਤੋਂ ਕਰਨ ਦਾ ਅਖਤਿਆਰ

ਚੇਲਿਆਂ ਨੂੰ ਮਸੀਹੀ ''ਆਖਿਆ ਜਾਂਦਾ'' ਸੀ (ਰਸੂਲਾਂ ਦੇ ਕੰਮ 11:26)। ਪਤਰਸ ਨੇ ਸਾਨੂੰ ਇਸ ਨਾਮ ਨਾਲ ਖ਼ੁਦਾ ਦੀ ਵਡਿਆਈ ਕਰਨ ਦੀ ਸਲਾਹ ਦਿੱਤੀ (1 ਪਤਰਸ 4:16)। ਅਤੇ ਇਹ ਨਾਮ ਅਸੀਂ ਖ਼ੁਦਾਈ ਅਖ਼ਤਿਆਰ ਨਾਲ ਅਪਣਾਉਂਦੇ ਹਾਂ। ਹੁਣ, ਭਲਾ ਮੈਂ ਉਸ ਨਾਂਅ ਬਾਰੇ ਪੁੱਛ ਸਕਦਾ ਹਾਂ ਜੋ ਤੁਸੀਂ ਅਪਣਾਇਆ ਹੈ? ਭਲਾ ਤੁਸੀਂ ਇਸ ਨੂੰ ਮਸੀਹ ਦੇ ਅਖ਼ਤਿਆਰ ਨਾਲ ਅਪਣਾਇਆ ਹੈ? ਭਲਾ ਇਹ ਪਵਿੱਤਰ ਲਿਖਤ ਵਿਚ ਕਿਤੇ ਮਿਲਦਾ ਹੈ?

## ਬਚਾਏ ਜਾਣ ਦੀ ਯੋਜਨਾ ਦੱਸਣ ਦਾ ਅਖਤਿਆਰ

ਬਚਾਏ ਜਾਣ ਬਾਰੇ, ਮਸੀਹ ਦੀਆਂ ਕਲੀਸੀਆਵਾਂ ਦੀ ਸਿੱਖਿਆ ਹੈ ਕਿ ਆਦਮੀ ਨੂੰ ਅਪਣਾ ਭਾਗ ਪੂਰਾ ਕਰਨਾ ਚਾਹੀਦਾ ਹੈ। ਭਾਵ ਬਚਾਏ ਜਾਣ ਲਈ ਵਿਸ਼ਵਾਸ ਕਰਨਾ, ਆਪਣੇ

ਪਾਪਾਂ ਤੋਂ ਤੌਬਾ ਕਰਨਾ, ਮਸੀਹ ਵਿਚ ਆਪਣੇ ਵਿਸ਼ਵਾਸ ਦਾ ਇਕਰਾਰ ਕਰਨਾ ਅਤੇ ਪਾਪਾਂ ਦੀ ਮਾਫ਼ੀ ਲਈ ਦਫ਼ਨਾਏ ਜਾਣਾ ਜ਼ਰੂਰੀ ਹੈ। ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਦੀ ਸਿੱਖਿਆ ਬਹੁਤ ਸਾਰੀਆਂ ਆਇਤਾਂ ਤੋਂ ਮਿਲਦੀ ਹੈ (ਉਦਾਹਰਣ ਲਈ, ਵੇਖੋ ਰਸੂਲਾਂ ਦੇ ਕੰਮ 2:38 ਅਤੇ ਰੋਮੀਆਂ 10:10)। ਉਹ ਸਭ ਬਚਾਏ ਜਾਣ ''ਲਈ'' ਹਨ।

ਖ਼ੁਦਾ ਦੀ ਸੰਤਾਨ ਬਣਨ ਲਈ ਇਹ ਗੱਲਾਂ ਕਰਨ ਦੀ ਸਿੱਖਿਆ ਦਾ ਅਖ਼ਤਿਆਰ ਸਾਨੂੰ ਮਸੀਹ ਤੋਂ ਮਿਲਿਆ ਹੈ। ਇਹ ਸਿੱਖਿਆ ਕਿਸ ਅਖ਼ਤਿਆਰ ਨਾਲ ਦਿੱਤੀ ਜਾ ਸਕਦੀ ਹੈ ਕਿ ਬਚਾਇਆ ਜਾਣਾ ''ਨਿਰ੍ਹੇ ਵਿਸ਼ਵਾਸ'' ਨਾਲ ਹੁੰਦਾ ਹੈ? ਯਾਕੂਬ ਨੇ ਸਪੱਸ਼ਟ ਸਿਖਾਇਆ ਹੈ ਕਿ ਨਿਰ੍ਹੇ ਵਿਸ਼ਵਾਸ ਨਾਲ ਕੋਈ ਧਰਮੀ ਨਹੀਂ ਠਹਿਰ ਸਕਦਾ (ਯਾਕੂਬ 2:24)। ਇਕੱਲੇ ਵਿਸ਼ਵਾਸ ਨਾਲ ਬਚਾਏ ਜਾਣ ਦੀ ਸਿੱਖਿਆ ਸਿੱਧੀ ਮਸੀਹ ਦੇ ਅਖ਼ਤਿਆਰ ਦੇ ਖ਼ਿਲਾਫ਼ ਹੈ।

## ਡੁਬਕੀ ਨਾਲ ਬਪਤਿਸਮਾ ਦੇਣ ਦਾ ਅਖਤਿਆਰ

ਅਸੀਂ ਡੁਬਕੀ ਨਾਲ ਬਪਤਿਸਮਾ ਕਿਸ ਅਖ਼ਤਿਆਰ ਨਾਲ ਦਿੰਦੇ ਹਾਂ? ਪਵਿੱਤਰ ਆਤਮਾ ਨੇ ਪੌਲੁਸ ਦੇ ਰਾਹੀਂ ਸਿਖਾਇਆ ਹੈ ਕਿ ਅਸੀਂ ਬਪਤਿਸਮੇ ਵਿਚ ਦਫ਼ਨਾਏ ਜਾਂਦੇ ਅਤੇ ਜੀ ਉੱਠਦੇ ਹਾਂ (ਰੋਮੀਆਂ 6:3, 4; ਕੁਲੁੱਸੀਆਂ 2:12)। ਅਫ਼ਸੀਆਂ 4:5 ਵਿਚ ਦੱਸਿਆ ਗਿਆ ਹੈ ਕਿ ਬਪਤਿਸਮਾ ਇੱਕੋ ਹੈ। ਹੋਰ ਲੋਕ ਛਿੜਕਾਅ ਜਾਂ ਡੋਲ੍ਹਣ ਨੂੰ ''ਬਪਤਿਸਮਾ'' ਕਿਸ ਅਖ਼ਤਿਆਰ ਨਾਲ ਕਹਿੰਦੇ ਹਨ? ਯਕੀਨਨ ਹੀ ਅਜਿਹਾ ਕਰਨ ਦਾ ਕੋਈ ਅਖ਼ਤਿਆਰ ਮਸੀਹ ਵੱਲੋਂ ਨਹੀਂ ਹੈ। ਯਾਦ ਰੱਖੋ ਕਿ ''ਸਾਰਾ ਅਖ਼ਤਿਆਰ'' ਉਹਦੇ ਕੋਲ ਹੈ। ਜੇ ਉਹਨੇ ਇਹ ਸਿੱਖਿਆ ਨਹੀਂ ਦਿੱਤੀ, ਤਾਂ ਇਹਦਾ ਮਤਲਬ ਇਹ ਹੋਇਆ ਕਿ ਇਹ ਖ਼ੁਦਾਈ ਅਖ਼ਤਿਆਰ ਤੋਂ ਨਹੀਂ ਹੈ।

## ਸਿਰਫ਼ ਪਸ਼ਚਾਤਾਪੀ ਵਿਸ਼ਵਾਸੀਆਂ ਨੂੰ ਬਪਤਿਸਮਾ ਦੇਣ ਦਾ ਅਖਤਿਆਰ

ਅਸੀਂ ਸਿਰਫ਼ ਪਸ਼ਚਾਤਾਪੀ ਵਿਸ਼ਵਾਸੀਆਂ ਨੂੰ ਹੀ ਬਪਤਿਸਮਾ ਕਿਸ ਅਖ਼ਤਿਆਰ ਨਾਲ ਦਿੰਦੇ ਹਾਂ? ਯਿਸੂ ਨੇ ਦੱਸਿਆ ਕਿ ਬਪਤਿਸਮੇ ਤੋਂ ਪਹਿਲਾਂ ਵਿਸ਼ਵਾਸ ਹੋਣਾ ਜ਼ਰੂਰੀ ਹੈ (ਮਰਕੁਸ 16:16)। ਰਸੂਲਾਂ ਦੇ ਕੰਮ ਕਿਤਾਬ ਵਿਚ ਅਸੀਂ ਪੜ੍ਹਦੇ ਹਾਂ ਕਿ ਲੋਕਾਂ ਨੇ ਬਪਤਿਸਮਾ ਲੈਣ ਤੋਂ ਪਹਿਲਾਂ ਵਿਸ਼ਵਾਸ ਕੀਤਾ ਸੀ (ਰਸੂਲਾਂ ਦੇ ਕੰਮ 8:12)। ਪਤਰਸ ਨੇ ਸਿਖਾਇਆ ਕਿ ਬਪਤਿਸਮੇ ਤੋਂ ਪਹਿਲਾਂ ਤੌਬਾ ਕਰਨੀ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38)। ਕੁਝ ਲੋਕ ਬੱਚਿਆਂ 'ਤੇ ਛਿੜਕਾਅ (ਤਰੌਂਕਾ) ਕਿਸ ਅਖ਼ਤਿਆਰ ਨਾਲ ਕਰਦੇ ਹਨ? ਭਲਾ ਨਵੇਂ ਨੇਮ ਵਿਚ ਇਹਦਾ ਕੋਈ ਹੁਕਮ ਜਾਂ ਉਦਾਹਰਣ ਹੈ? ਮੈਨੂੰ ਤਾਂ ਕੋਈ ਨਹੀਂ ਮਿਲਿਆ। ਇਸ ਕਰਕੇ, ਬਪਤਿਸਮੇ ਲਈ ਬੱਚਿਆਂ 'ਤੇ ਛਿੜਕਾਅ ਦਾ ਅਖ਼ਤਿਆਰ ਮਸੀਹ ਵੱਲੋਂ ਨਹੀਂ ਹੈ।

## ਬੰਦਗੀ ਦੇ ਕੰਮਾਂ ਲਈ ਅਖਤਿਆਰ

ਪ੍ਰਭੂ ਦੇ ਦਿਨ ਬੰਦਗੀਆਂ ਵਿਚ, ਨਵੇਂ ਨੇਮ ਦੇ ਮਸੀਹੀ ਖ਼ੁਦਾ ਦਾ ਵਚਨ ਦੱਸਦੇ, ਦੁਆ ਕਰਦੇ, ਆਪਣੀ ਆਮਦਨੀ ਵਿੱਚੋਂ ਚੰਦਾ ਦਿੰਦੇ, ਪ੍ਰਭੂ ਭੋਜ ਵਿਚ ਹਿੱਸਾ ਲੈਂਦੇ ਅਤੇ ਗੀਤ ਗਾਉਂਦੇ ਹਨ। ਅਸੀਂ ਇਹ ਸਭ ਕਿਸ ਅਖ਼ਤਿਆਰ ਨਾਲ ਕਰਦੇ ਹਾਂ? ਗਾਉਣ ਨੂੰ ਛੱਡ ਕੇ

ਇਨ੍ਹਾਂ ਸਭ ਗੱਲਾਂ ਦਾ ਜ਼ਿਕਰ ਰਸੂਲਾਂ ਦੇ ਕੰਮ 2:42-47 ਵਿਚ ਮਿਲਦਾ ਹੈ। ਗਾਉਣ ਦਾ ਜ਼ਿਕਰ ਬਾਈਬਲ ਵਿਚ ਹੋਰ ਜਗ੍ਹਾ ਮਿਲਦਾ ਹੈ (ਅਫ਼ਸੀਆਂ 5:19; ਕੁਲੁੱਸੀਆਂ 3:16)। ਰਸੂਲਾਂ ਦੇ ਕੰਮ 20:7 ਵਿਚ ਹਫ਼ਤੇ ਦੇ ਪਹਿਲੇ ਦਿਨ ਰੋਟੀ ਤੋੜਨ ਦਾ ਜ਼ਿਕਰ ਹੈ। ਇਨ੍ਹਾਂ ਵਿੱਚੋਂ ਕਿਸੇ ਨੂੰ ਵੀ ਕਿਸ ਅਖ਼ਤਿਆਰ ਨਾਲ ਕੱਢਿਆ ਜਾ ਸਕਦਾ ਹੈ? ਕੋਈ ਸਾਜ਼ ਨਾਲ ਗਾਉਣ ਨੂੰ ਕਿਸ ਅਖ਼ਤਿਆਰ ਨਾਲ ਜੋੜ ਸਕਦਾ ਹੈ? ਭਲਾ ਮਸੀਹ ਨੇ ਇਹਦਾ ਅਖ਼ਤਿਆਰ ਦਿੱਤਾ ਹੈ? ਉਹਨੇ ਇਹਦਾ ਜ਼ਿਕਰ ਨਹੀਂ ਕੀਤਾ, ਇਸ ਲਈ ਉਹਨੇ ਇਹਦਾ ਅਖ਼ਤਿਆਰ ਨਹੀਂ ਦਿੱਤਾ।

## ਸਾਰ

ਕੋਈ ਵੀ ਰਵਾਇਤ ਜਿਹਦਾ ਅਖ਼ਤਿਆਰ ਸਵਰਗ ਵੱਲੋਂ ਨਹੀਂ ਹੈ ਉਹ ਮਨੁੱਖਾਂ ਵੱਲੋਂ ਹੀ ਹੈ। ਆਓ ਇਹ ਯਕੀਨੀ ਬਣਾਈਏ ਕਿ ਅਸੀਂ ਉਹੀ ਕੰਮ ਕਰਾਂਗੇ ਜਿਹਦਾ ਅਖ਼ਤਿਆਰ ਪ੍ਰਭੂ ਯਿਸੂ ਮਸੀਹ ਵੱਲੋਂ ਦਿੱਤਾ ਗਿਆ ਹੈ।